Punjab Government Gazette

EXTRAORDINARY

Published by Authority

CHANDIGARH, WEDNESDAY, OCTOBER 22, 2025 (ASVINA 30, 1947 SAKA)

ਪੰਜਾਬ ਸਰਕਾਰ

ਸਥਾਨਕ ਸਰਕਾਰ ਵਿਭਾਗ

(ਸਥਾਨਕ ਸਰਕਾਰ-3 ਸ਼ਾਖਾ)

(ਪੰਜਾਬ ਮਿਉਂਸਪਲ ਭਵਨ, ਪਲਾਟ ਨੰ.3, ਸੈਕਟਰ 35ਏ, ਚੰਡੀਗੜ੍ਹ)

ਨੋਟੀਫਿਕੇਸ਼ਨ

ਮਿਤੀ 21 ਅਕਤੂਬਰ, 2025

ਨੰਬਰ: 15/15/2025-5ਸਸ3/1772.-ਡਿਪਟੀ ਕਮਿਸ਼ਨਰ, ਪਟਿਆਲਾ ਵੱਲੋਂ ਆਪਣੇ ਪੱਤਰ ਨੰ. 429/ਵਿਕਾਸ-3 ਮਿਤੀ 04.06.2025 ਰਾਹੀਂ ਰਿਪੋਰਟ ਭੇਜਦੇ ਹੋਏ ਸੂਚਿਤ ਕੀਤਾ ਕਿ ਮਿਤੀ 28.05.25 ਨੂੰ ਨਗਰ ਕੌਂਸਲ, ਸਮਾਣਾ ਦੇ ਚੁਣੇ ਹੋਏ ਮੈਬਰਾਂ ਵੱਲੋਂ ਸ਼੍ਰੀ ਅਸ਼ਵਨੀ ਗੁਪਤਾ, ਪ੍ਰਧਾਨ, ਨਗਰ ਕੌਂਸਲ, ਸਮਾਣਾ ਵਿਰੁੱਧ ਬੇ-ਭਰੋਸਗੀ ਦੀ ਮੀਟਿੰਗ ਕੀਤੀ ਗਈ। ਇਸ ਮੀਟਿੰਗ ਵਿੱਚ ਨਗਰ ਕੌਂਸਲ, ਸਮਾਣਾ ਦੇ ਕੁਲ 21 ਮੈਬਰਾਂ(ਸਮੇਤ ਹਲਕਾ ਵਿਧਾਇਕ-ਕਮ-ਐਕਸ ਆਫੀਸੀਓ ਮੈਂਬਰ) ਵਿਚੋਂ 17 ਮੈਬਰਾਂ ਨੇ ਭਾਗ ਲਿਆ ।

ਇਸ ਮੀਟਿੰਗ ਵਿੱਚ ਹਾਜ਼ਰ ਆਏ 17 ਮੈਬਰਾਂ ਵੱਲੋਂ 2/3 ਬਹੁਮੱਤ ਨਾਲ ਪ੍ਰਧਾਨ, ਨਗਰ ਕੌਂਸਲ, ਸਮਾਣਾ ਵਿਰੁੱਧ ਬੇ-ਭਰੋਸਗੀ ਦਾ ਮਤਾ ਪਾਸ ਕੀਤਾ ਗਿਆ। ਜਿਸ ਤੇ ਕਾਰਵਾਈ ਕਰਦੇ ਹੋਏ ਸਰਕਾਰ ਵੱਲੋਂ ਪੱਤਰ ਨੰ. 15/15/2025-5ਸਸ3/1445 ਮਿਤੀ 27.08.2025 ਰਾਹੀਂ ਸ਼੍ਰੀ ਅਸ਼ਵਨੀ ਗੁਪਤਾ, ਪ੍ਰਧਾਨ, ਨਗਰ ਕੌਂਸਲ, ਸਮਾਣਾ ਨੂੰ ਪੰਜਾਬ ਮਿਉਸਪਲ ਐਕਟ, 1911 ਦੀ ਧਾਰਾ 22 ਅਧੀਨ ਕਾਰਨ ਦੱਸੋ ਨੋਟਿੰਸ ਜਾਰੀ ਕੀਤਾ ਗਿਆ ਸੀ।

2. ਜਿਵੇ ਕਿ ਸ਼੍ਰੀ ਅਸ਼ਵਨੀ ਗੁਪਤਾ, ਪ੍ਰਧਾਨ, ਨਗਰ ਕੌਂਸਲ, ਸਮਾਣਾ ਵੱਲੋਂ ਸਰਕਾਰ ਦੇ ਪੱਤਰ ਮਿਤੀ 27.08.2025 ਨੂੰ ਜਾਰੀ ਕਾਰਨ ਦੱਸੋਂ ਨੋਟਿਸ ਦੇ ਸਬੰਧ ਵਿੱਚ ਮਿਤੀ 15.09.25 ਨੂੰ ਆਪਣਾ ਜਵਾਬ ਪੇਸ਼ ਕੀਤਾ ਗਿਆ। ਪ੍ਰਾਪਤ ਹੋਏ ਜਵਾਬ ਨੂੰ ਗਹੁ ਨਾਲ ਵਿਚਾਰਨ ਉਪਰੰਤ ਅਤੇ ਉਨ੍ਹਾਂ ਵਿਰੁੱਧ 2/3 ਮੈਬਰਾਂ ਵੱਲੋਂ ਪਾਸ ਕੀਤਾ ਗਿਆ ਬੇ-ਭਰੋਸਗੀ ਦੇ ਮਤੇ ਨੂੰ ਮੁੱਖ ਰੱਖਦੇ ਹੋਏ ਪ੍ਰਧਾਨ, ਨਗਰ ਕੌਂਸਲ, ਸਮਾਣਾ ਨੂੰ ਪੰਜਾਬ ਮਿਉਂਸਪਲ ਐਕਟ 1911 ਦੀ ਧਾਰਾ 22 ਅਧੀਨ ਨਗਰ ਕੌਂਸਲ, ਸਮਾਣਾ ਦੇ ਪ੍ਰਧਾਨਗੀ ਦੇ ਅਹੁੱਦੇ ਤੋਂ ਫਾਰਗ ਕੀਤਾ ਜਾਂਦਾ ਹੈ।

ਤੇਜਵੀਰ ਸਿੰਘ, ਆਈ.ਏ.ਐਸ

ਵਧੀਕ ਮੁੱਖ ਸਕੱਤਰ, ਪੰਜਾਬ ਸਰਕਾਰ

ਸਥਾਨਕ ਸਰਕਾਰ ਵਿਭਾਗ

ਚੰਡੀਗੜ੍ਹ

ਮਿਤੀ 17 ਅਕਤੂਬਰ, 2025

3534/10-2025/Pb. Govt. Press, S.A.S. Nagar